pstcl
PUNJAB STATE TRANSMISSION CORPORATION LIMITED
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ
ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ
ਦਫ: ਉਪ ਮੁੱਖ ਇੰਜੀ:/ ਐਚ ਆਰ ਅਤੇ ਪ੍ਰਬੰਧਕੀ ਸੰਸਥਾ, ਸ਼ਕਤੀ ਸਦਨ ਪਟਿਆਲਾ
ਫੈਕਸ ਨੰ:- 0175 -2220054 ਟੈਲੀਫੂਨ ਨੰ:-0175-2370693 ਵੈਬਸਾਇਟ : pstcl.org

ਵੱਲ

1. ਪ੍ਰਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
2. ਮੁੱਖ ਇੰਜੀ:/ਐਸ.ਐਲ.ਡੀ.ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਨਿਗ:ਇੰਜੀ:/ਸੰਚਾਰ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
4. ਸੀਨੀ:ਕਾ:ਕਾ:ਇੰਜੀ:/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 5428/31 Sen./AAE/Comm./33 ਮਿਤੀ: 28/5/24

ਵਿਸ਼ਾ:- ਏ.ਏ.ਈ/ਸੰਚਾਰ ਕਰਮਚਾਰੀਆਂ ਦੀ ਮਿਤੀ 01.01.2023 ਤੋਂ 31.**12.2023** ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕਰਨ ਸਬੰਧੀ।

ਉਪਰੋਕਤ ਦੇ ਸਬੰਧ ਵਿੱਚ ਇਸ ਦਫ਼ਤਰ ਵੱਲੋਂ ਮੀਮੋ 931/34 ਮਿਤੀ 25.01.2024 ਰਾਹੀਂ ਪੀ.ਐਸ.ਟੀ.ਸੀ.ਐਲ ਵੱਲੋਂ ਨਿਯੁਕਤ ਕੀਤੇ ਏ.ਏ.ਈ/ਸੰਚਾਰ ਕਰਮਚਾਰੀਆਂ ਦੀ ਮਿਤੀ 01.01.2023 ਤੋਂ 31.12.2023 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ pstcl.org ਤੇ ਉਪਲੱਬਧ ਲਿੰਕ information>seniority list ਤੇ ਅਪਲੋਡ ਕਰਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਕਰਮਚਾਰੀਆਂ ਦੇ ਸੇਵਾ ਵੇਰਵੇ ਅਤੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸਦੀਕ ਕਰਦੇ ਹੋਏ ਜੇਕਰ ਕਿਸੇ ਕਰਮਚਾਰੀ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ 1 ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਗਿਆ ਸੀ ਕਿ ਇਹ ਟੈਨਟੇਟਿਵ ਸੀਨੀਆਰਤਾ ਸੂਚੀ ਏ.ਏ.ਈ/ਸੰਚਾਰ ਕਰਮਚਾਰੀਆਂ ਤੋਂ ਨੋਟ ਕਰਵਾ ਲਈ ਜਾਵੇ। ਜੇਕਰ ਕੋਈ ਕਰਮਚਾਰੀ ਇਹ ਅਨੁਭਵ ਕਰੇ ਕਿ ਉਸ ਨੂੰ ਸੀਨੀਆਰਤਾ ਨੰਬਰ ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਇਸ ਸਬੰਧੀ ਆਪਣੀ ਪ੍ਰਤੀਬੇਨਤੀ, ਸੂਚੀ ਜਾਰੀ ਹੋਣ ਦੀ ਮਿਤੀ ਤੋ 1 ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਭੇਜੇ।

ਇਸ ਸਬੰਧੀ ਇਸ ਦਫਤਰ ਵਿਖੇ ਹੁਣ ਤੱਕ ਕੋਈ ਇਤਰਾਜ ਪ੍ਰਾਪਤ ਨਹੀਂ ਹੋਏ ਹਨ, ਇਸ ਲਈ ਇਸ ਦਫਤਰ ਵੱਲੋਂ ਪਹਿਲਾਂ ਜਾਰੀ ਕੀਤੀ ਏ.ਏ.ਈ/ਸੰਚਾਰ ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕੀਤਾ ਜਾਂਦਾ ਹੈ:-

(1) ਇਸ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫੈਸਲੇ, ਜੇ ਕਰ ਕੋਈ ਹੋਣ, ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।

(2) ਜੇਕਰ ਕਿਸੇ ਵੀ ਕਰਮਚਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

(3) ਜੇਕਰ ਕਿਸੇ ਵੀ ਕਰਮਚਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤੱਸਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਨੱਥੀ/ ਏ.ਏ.ਈ/ਸੰਚਾਰ ਦੀ
ਅੰਤਿਮ ਸੀਨੀਆਰਤਾ ਸੂਚੀ।

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈਲ,
ਪੀਐਸਟੀਸੀਐਲ,ਪਟਿਆਲਾ

Scanned with OKEN Scanner

ਏ.ਏ.ਈ/ਸੰਚਾਰ ਕਰਮਚਾਰੀਆਂ ਦੀ ਅੰਤਿਮ ਸੀਨੀਆਰਤਾ (ਸਮਾਂ 01.01.2023 ਤੋਂ 31.12.2023 ਤੱਕ) ਸੂਚੀ

| ਲੜੀ ਨੰ | ਕਰਮਚਾਰੀ/ ਕਰਮਚਾਰਨ ਦਾ **ਨਾਮ** (ਸਰਵ/ਸ੍ਰੀ/ਸ੍ਰੀਮਤੀ) | ਆਈ. ਡੀ.ਨੰ: | ਸੀਨੀ ਨੰ: | ਜਨਮ ਦੀ ਮਿਤੀ | PSTCL ਵਿੱਚ ਹਾਜ਼ਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਲੱਗਣ ਦੀ ਮਿਤੀ | ਸ਼੍ਰੇਣੀ |
|---|---|---|---|---|---|---|---|
| 1 | ਅਮਰਦੀਪ ਸਿੰਘ | 604603 | 1 | 10.10.92 | 23.05.17 | 24.01.2023 AN | ਪ:ਸ਼੍ਰੇਣੀ |
| 2 | ਇੰਦਰਬੀਰ ਸਿੰਘ | 604604 | 2 | 14.02.91 | 22.05.17 | 24.01.2023 | ਜਨਰਲ |
| 3 | ਮਨਪ੍ਰੀਤ ਕੌਰ | 604606 | 3 | 20.07.89 | 24.05.17 | 24.01.2023 AN | ਅ:ਜਾਤੀ |
| 4 | ਮਨਿੰਦਰਜੀਤ ਸਿੰਘ | 604607 | 4 | 18.06.80 | 22.05.17 | 24.01.2023 AN | ਸਾਬਕਾ ਫੌਜੀ |

ਵਧੀਕ ਨਿਗਰਾਨ ਇੰਜ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

Scanned with OKEN Scanner